# ਭਿੰਡੀ

## ਮੌਸਮ ਅਤੇ ਜ਼ਮੀਨ

ਭਿੰਡੀ ਗਰਮ ਅਤੇ ਦਰਮਿਆਨੇ ਗਰਮ ਮੌਸਮ ਦੀ ਫ਼ਸਲ ਹੈ । ਇਸ ਦੀ ਪੈਦਾਵਾਰ ਵਾਸਤੇ ਇਕ ਲੰਮਾ ਗਰਮ ਅਤੇ ਸਿਲ੍ਹਾ ਮੌਸਮ ਚਾਹੀਦਾ ਹੈ । ਇਸ ਫ਼ਸਲ ਦਾ ਵਾਧਾ ਬਰਸਾਤ ਰੁੱਤ ਵਿੱਚ ਜ਼ਿਆਦਾ ਹੁੰਦਾ ਹੈ । ਭਿੰਡੀ ਦੇ ਬੀਜ 20 ਡਿਗਰੀ ਸੈਂਟੀਗ੍ਰੇਡ ਤਾਪਮਾਨ ਤੋਂ ਥੱਲੇ ਨਹੀਂ ਪੁੰਗਰਦੇ ਅਤੇ ਪੁੰਗਰਨ ਵਾਸਤੇ ਢੁਕਵਾਂ ਤਾਪਮਾਨ 29 ਡਿਗਰੀ ਸੈਂਟੀਗ੍ਰੇਡ ਹੈ । ਭਿੰਡੀ ਹਰ ਤਰ੍ਹਾਂ ਦੀ ਜ਼ਮੀਨ ਵਿੱਚ ਪੈਦਾ ਕੀਤੀ ਜਾ ਸਕਦੀ ਹੈ ਪਰ ਜ਼ਮੀਨ ਭੁਰਭੁਰੀ ਹੋਣੀ ਚਾਹੀਦੀ ਹੈ । ਹਲਕੀ ਅਤੇ ਰੇਤਲੀ ਮੈਰਾ ਤੋਂ ਮੈਰਾ ਜ਼ਮੀਨ ਇਸ ਫ਼ਸਲ ਲਈ ਢੁਕਵੀਂ ਹੈ । ਭਿੰਡੀ ਕੁਝ ਤੇਜ਼ਾਬੀ ਜ਼ਮੀਨ ਨੂੰ ਸਹਿ ਸਕਦੀ ਹੈ ਜਿਸ ਦੀ ਪੀ ਐਚ 6.0 ਤੋਂ 6.8 ਹੋਵੇ ।

## ਉੱਨਤ ਕਿਸਮਾਂ

**ਪੰਜਾਬ-8 (1995) :** ਇਸ ਕਿਸਮ ਦੇ ਬੂਟੇ ਦਰਮਿਆਨੇ ਉੱਚੇ ਅਤੇ ਤਣੇ ਤੇ ਜਾਮਨੀ ਰੰਗ ਦੇ ਡੱਬ ਹੁੰਦੇ ਹਨ । ਇਸ ਦੇ ਪੱਤੇ ਡੂੰਘੇ ਕੱਟਵੇਂ ਅਤੇ ਕਿਨਾਰੇ ਘੱਟ ਦੰਦਿਆਂ ਵਾਲੇ ਹੁੰਦੇ ਹਨ । ਪੱਤੇ, ਤਣੇ ਅਤੇ ਡੰਡੀ ਉੱਤੇ ਘੱਟ ਲੂੰ ਹੁੰਦੇ ਹਨ । ਇਸ ਦੇ ਫ਼ਲ ਪਤਲੇ, ਲੰਮੇ, ਗੂੜ੍ਹੇ ਹਰੇ ਰੰਗ ਦੇ ਅਤੇ ਪੰਜ ਨੁਕਰਾਂ ਵਾਲੇ ਹੁੰਦੇ ਹਨ । ਇਸ ਕਿਸਮ ਵਿਚ ਪੀਲੀਏ (ਵਿਸ਼ਾਣੂੰ ਰੋਗ) ਨੂੰ ਸਹਿਣ ਦੀ ਸਮਰੱਥਾ ਹੈ । ਇਹ ਕਿਸਮ ਜੈਸਿਡ ਤੇ ਚਿਤਕਬਰੀ ਸੁੰਡੀ ਦੇ ਹਮਲੇ ਨੂੰ ਕੁਝ ਹੱਦ ਤੱਕ ਸਹਾਰ ਸਕਦੀ ਹੈ । ਇਹ ਕਿਸਮ ਡੱਬਾਬੰਦੀ ਵਾਸਤੇ ਵੀ ਚੰਗੀ ਹੈ । ਇਸ ਦਾ ਔਸਤ ਝਾੜ 55 ਕੁਇੰਟਲ ਪ੍ਰਤੀ ਏਕੜ ਹੈ । ਇਹ ਕਿਸਮ ਫ਼ਰਵਰੀ-ਮਾਰਚ ਅਤੇ ਜੂਨ-ਜੁਲਾਈ ਦੀ ਬਿਜਾਈ ਲਈ ਢੁੱਕਵੀਂ ਹੈ ।

**ਪੰਜਾਬ-7 (1986) :** ਇਸ ਦੇ ਬੂਟੇ ਦਰਮਿਆਨੇ ਉੱਚੇ ਅਤੇ ਤਣੇ ਤੇ ਜਾਮਨੀ ਰੰਗ ਦੇ ਡੱਬ ਹੁੰਦੇ ਹਨ । ਇਸਦੇ ਪੱਤੇ ਡੂੰਘੇ ਕੱਟਵੇਂ, ਜਿਨ੍ਹਾਂ ਦੇ ਕਿਨਾਰੇ ਘੱਟ ਦੰਦਿਆਂ ਵਾਲੇ ਹੁੰਦੇ ਹਨ । ਡੰਡੀ ਦਾ ਹੇਠਲਾ ਹਿੱਸਾ ਗੂੜ੍ਹਾ ਜਾਮਨੀ ਰੰਗ ਦਾ ਹੁੰਦਾ ਹੈ । ਪੱਤਿਆਂ, ਤਣੇ ਤੇ ਡੰਡੀ ਉਤੇ ਲੂੰ ਹੁੰਦੇ ਹਨ । ਇਸ ਕਿਸਮ ਦੇ ਫ਼ਲ ਦਰਮਿਆਨੇ ਲੰਮੇ, ਹਰੇ ਨਰਮ ਅਤੇ ਪੰਜ ਧਾਰੀਆਂ ਵਾਲੇ ਹੁੰਦੇ ਹਨ । ਫ਼ਲ ਦੀ ਨੋਕ ਖੁੰਢੀ ਹੁੰਦੀ ਹੈ । ਇਸ ਕਿਸਮ ਵਿਚ ਪੀਲੀਏ (ਵਿਸ਼ਾਣੂੰ ਰੋਗ) ਨੂੰ ਸਹਿਣ ਦੀ ਸਮਰੱਥਾ ਹੈ । ਇਸ ਦਾ ਔਸਤ ਝਾੜ ਵੀ 45 ਕੁਇੰਟਲ ਪ੍ਰਤੀ ਏਕੜ ਹੈ । ਇਹ ਕਿਸਮ ਫ਼ਰਵਰੀ-ਮਾਰਚ ਅਤੇ ਜੂਨ-ਜੁਲਾਈ ਦੀ ਬਿਜਾਈ ਲਈ ਢੁੱਕਵੀਂ ਹੈ ।

**ਪੰਜਾਬ ਪਦਮਨੀ (1982) :** ਇਸ ਦੇ ਬੂਟੇ ਦੇ ਤਣੇ ਅਤੇ ਡੰਡੀ ਤੇ ਜਾਮਨੀ ਧੱਬੇ ਹੁੰਦੇ ਹਨ । ਇਸਦੇ ਪੱਤੇ ਲੂੰਆਂ ਵਾਲੇ ਅਤੇ ਫ਼ਲ ਤੇਜ਼ੀ ਨਾਲ ਵਧਣ ਵਾਲੇ, ਗੂੜ੍ਹੇ ਹਰੇ, ਪਤਲੇ ਲੰਮੇ ਅਤੇ ਪੰਜ ਧਾਰੀਆਂ ਵਾਲੇ ਹੁੰਦੇ ਹਨ ਜੋ ਕਿ ਜ਼ਿਆਦਾ ਦੇਰ ਤੱਕ ਨਰਮ ਰਹਿੰਦੇ ਹਨ । ਇਸ ਕਿਸਮ ਨੂੰ ਪੀਲੀਏ ਦੀ ਬਿਮਾਰੀ ਘੱਟ ਲੱਗਦੀ ਹੈ ਅਤੇ ਇਸਦੀ ਨਵੀਂ ਫੋਟ ਤੇ ਵਿਸ਼ਾਣੂੰ ਰੋਗ ਦੀਆਂ ਨਿਸ਼ਾਨੀਆਂ ਕਾਫ਼ੀ ਦੇਰ ਬਾਅਦ ਆਉਂਦੀਆਂ ਹਨ । ਇਹ ਕਿਸਮ ਪਹਿਲੀ ਤੁੜਾਈ ਲਈ 60 ਦਿਨਾਂ ਵਿਚ ਤਿਆਰ ਹੋ ਜਾਂਦੀ ਹੈ । ਇਸ ਦਾ ਔਸਤ ਝਾੜ 45 ਕੁਇੰਟਲ ਪ੍ਰਤੀ ਏਕੜ ਹੈ । ਇਹ ਕਿਸਮ ਬਹਾਰ ਅਤੇ ਬਰਸਾਤ ਰੁੱਤ ਦੀ ਬਿਜਾਈ ਲਈ ਢੁੱਕਵੀਂ ਹੈ ।

**ਕਾਸ਼ਤ ਦੇ ਢੰਗ**

**ਬਿਜਾਈ ਦਾ ਸਮਾਂ :** ਪੰਜਾਬ ਵਿੱਚ ਇਹ ਫ਼ਸਲ ਬਹਾਰ ਰੁੱਤ ਅਤੇ ਗਰਮੀਆਂ ਵਿੱਚ ਫ਼ਰਵਰੀ-ਮਾਰਚ ਅਤੇ ਬਰਸਾਤ ਵਿੱਚ ਜੂਨ-ਜੁਲਾਈ ਵਿੱਚ ਬੀਜੀ ਜਾਂਦੀ ਹੈ।

**ਬੀਜ ਦੀ ਮਾਤਰਾ :** ਪੰਦਰਾਂ ਤੋਂ ਅਠਾਰਾਂ ਕਿਲੋ ਬੀਜ ਪ੍ਰਤੀ ਏਕੜ ਅੱਧ ਫ਼ਰਵਰੀ ਦੀ ਬਿਜਾਈ ਵਾਸਤੇ, 8-10 ਕਿਲੋ ਬੀਜ ਮਾਰਚ ਦੀ ਬਿਜਾਈ ਵਾਸਤੇ ਅਤੇ 4-6 ਕਿਲੋ ਬੀਜ ਜੂਨ-ਜੁਲਾਈ ਵਾਸਤੇ ਕਾਫੀ ਹੈ । ਬਿਜਾਈ ਤੋਂ ਪਹਿਲਾਂ ਬੀਜ ਨੂੰ 24 ਘੰਟੇ ਲਈ ਪਾਣੀ ਵਿੱਚ ਭਿਉਣਾ ਜ਼ਰੂਰੀ ਹੈ । ਇਸ ਦੀ ਬਿਜਾਈ ਫ਼ਰਵਰੀ ਮਾਰਚ ਵਿਚ ਵੱਟਾਂ ਤੇ ਅਤੇ ਜੂਨ-ਜੁਲਾਈ ਵਿੱਚ ਪੱਧਰ ਜ਼ਮੀਨ ਤੇ ਕਰਨੀ ਚਾਹੀਦੀ ਹੈ ।

**ਫ਼ਾਸਲਾ :** ਕਤਾਰ ਤੋਂ ਕਤਾਰ ਦਾ ਫ਼ਾਸਲਾ 45 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫ਼ਾਸਲਾ 15 ਸੈਂਟੀਮੀਟਰ ਹੋਣਾ ਚਾਹੀਦਾ ਹੈ । ਪਿਛੇਤੀ ਬਿਜਾਈ ਵਾਸਤੇ ਫ਼ਾਸਲਾ ਥੋੜਾ ਜਿਹਾ ਵਧਾਉਣਾ ਚਾਹੀਦਾ ਹੈ ।

**ਖਾਦਾਂ**

15-20 ਟਨ ਗਲੀ-ਸੜੀ ਰੂੜੀ ਦੀ ਖਾਦ ਨੂੰ ਚੰਗੀ ਤਰ੍ਹਾਂ ਬਿਜਾਈ ਤੋਂ ਪਹਿਲਾਂ ਜ਼ਮੀਨ ਵਿੱਚ ਰਲਾਉਣਾ ਚਾਹੀਦਾ ਹੈ । ਭਰਪੂਰ ਫ਼ਸਲ ਲਈ 36 ਕਿਲੋ ਨਾਈਟ੍ਰੋਜਨ (80 ਕਿਲੋ ਯੂਰੀਆ) ਪ੍ਰਤੀ ਏਕੜ ਆਮ ਜ਼ਮੀਨਾਂ ਵਾਸਤੇ ਸਿਫ਼ਾਰਸ਼ ਕੀਤੀ ਜਾਂਦੀ ਹੈ । ਅੱਧੀ ਨਾਈਟ੍ਰੋਜਨ ਬਿਜਾਈ ਵੇਲੇ ਅਤੇ ਅੱਧੀ ਪਹਿਲੀ ਤੁੜਾਈ ਤੋਂ ਬਾਅਦ ਪਾਉ ।

**ਨਦੀਨਾਂ ਦੀ ਰੋਕਥਾਮ**

ਨਦੀਨਾਂ ਦੀ ਰੋਕਥਾਮ ਲਈ 3-4 ਗੋਡੀਆਂ ਜ਼ਰੂਰੀ ਹਨ । ਪਹਿਲੀ ਗੋਡੀ ਫ਼ਸਲ ਉੱਗਣ ਤੋਂ ਦੋ ਹਫ਼ਤੇ ਪਿੱਛੋਂ ਕਰੋ । ਇਸ ਪਿੱਛੋਂ ਗੋਡੀਆਂ 15 ਦਿਨ ਦੇ ਵਕਫ਼ੇ ਤੇ ਕਰਦੇ ਰਹੋ । ਨਦੀਨਾਂ ਦੀ ਰੋਕਥਾਮ ਨਦੀਨ ਨਾਸ਼ਕ ਦਵਾਈਆਂ ਨਾਲ ਵੀ ਕੀਤੀ ਜਾ ਸਕਦੀ ਹੈ । ਫ਼ਸਲ ਬੀਜਣ ਤੋਂ 4 ਦਿਨ ਪਹਿਲਾਂ 800 ਮਿਲੀਲਿਟਰ ਤੋਂ ਇੱਕ ਲਿਟਰ ਬਾਸਾਲਿਨ 45 ਈ ਸੀ (ਫਲੂਕਲੋਰਾਲਿਨ) ਪ੍ਰਤੀ ਏਕੜ ਦੇ ਹਿਸਾਬ ਛਿੜਕੋ । ਛਿੜਕਾਅ ਪਿੱਛੋਂ ਖੇਤ ਵਿੱਚ ਹੈਰੋ ਜ਼ਰੂਰ ਫੇਰੋ । ਜੇਕਰ ਬਾਸਾਲਿਨ ਨਾ ਮਿਲੇ ਤਾਂ 2 ਲਿਟਰ ਲਾਸੋ ਪ੍ਰਤੀ ਏਕੜ ਬਿਜਾਈ ਤੋ ਇੱਕ ਦਿਨ ਪਿੱਛੋਂ ਛਿੜਕੋ। ਦਵਾਈ ਨੂੰ 200-225 ਲਿਟਰ ਪਾਣੀ ਵਿੱਚ ਘੋਲ ਕੇ ਇੱਕਸਾਰ ਸਪਰੇਅ ਕਰੋ । ਜੇਕਰ ਸਪਰੇਅ ਕਰਨ ਪਿੱਛੋਂ ਵੀ ਖੇਤ ਵਿੱਚ ਕਾਫ਼ੀ ਨਦੀਨ ਜਾਪਣ ਤਾਂ ਬਿਜਾਈ ਤੋਂ 60 ਦਿਨਾਂ ਬਾਅਦ ਇੱਕ ਗੋਡੀ ਕਰੋ । ਸਟੌਂਪ 30 ਈ ਸੀ (ਪੈਂਡੀਮੈਥਾਲਿਨ) ਇਕ ਲਿਟਰ ਪ੍ਰਤੀ ਏਕੜ ਜਾਂ 750 ਮਿਲੀਲਿਟਰ ਸਟੌਂਪ ਪ੍ਰਤੀ ਏਕੜ + ਇੱਕ ਗੋਡੀ ਪ੍ਰਤੀ ਏਕੜ ਬਿਜਾਈ ਤੋਂ ਇੱਕ ਦਿਨ ਪਿੱਛੋਂ ਵੀ ਨਦੀਨਾਂ ਦੀ ਰੋਕਥਾਮ ਕਰਨ ਵਿੱਚ ਬਰਾਬਰ ਕਾਮਯਾਬ ਹਨ । ਇਸ ਤੋਂ ਇਲਾਵਾ ਲਾਸੋ 50 ਈ.ਸੀ. (ਐਲਾਕਲੋਰ) 2 ਲਿਟਰ ਪ੍ਰਤੀ ਏਕੜ ਬਿਜਾਈ ਤੋਂ ਇਕ ਦਿਨ ਪਿਛੋਂ
ਵਰਤੀ ਜਾ ਸਕਦੀ ਹੈ ।

**ਸਿੰਚਾਈ**

ਬਿਜਾਈ ਠੀਕ ਵੱਤਰ ਵਾਲੀ ਜ਼ਮੀਨ ਵਿੱਚ ਕਰੋ । ਗਰਮੀਆਂ ਵਿੱਚ ਪਹਿਲਾ ਪਾਣੀ 4-5 ਦਿਨ ਬਾਅਦ ਅਤੇ ਫਿਰ 6-7 ਦਿਨ ਦੇ ਵਕਫ਼ੇ ਤੇ ਲਾਉ । ਬਹਾਰ ਰੁੱਤ ਵਿੱਚ 10-12 ਦਿਨ ਬਾਅਦ ਅਤੇ ਬਰਸਾਤ ਵਿੱਚ ਘੱਟ ਸਿੰਚਾਈ ਦੀ ਜ਼ਰੂਰਤ ਹੈ । ਕੁੱਲ 10-12 ਪਾਣੀਆਂ ਦੀ ਲੋੜ ਹੈ ।

**ਤੁੜਾਈ**

ਕਿਸਮ ਅਤੇ ਮੌਸਮ ਮੁਤਾਬਕ ਫ਼ਸਲ 45-50 ਦਿਨਾਂ ਵਿੱਚ ਤੁੜਾਈ ਯੋਗ ਹੋ ਜਾਂਦੀ ਹੈ । ਨਰਮ ਫ਼ਲ (10 ਸੈਂਟੀਮੀਟਰ) ਹੀ ਤੋੜੋ । ਭਰ ਮੌਸਮ ਵਿੱਚ ਤੁੜਾਈ ਥੋੜ੍ਹੇ ਵਕਫ਼ੇ ਤੇ ਕਰੋ । ਆਮ ਤੌਰ ਤੇ 10-12 ਤੁੜਾਈਆਂ ਕੀਤੀਆਂ ਜਾ ਸਕਦੀਆਂ ਹਨ ।

**ਬੀਜ ਉਤਪਾਦਨ**

ਬੀਜ ਦੇ ਉਤਪਾਦਨ ਵਾਸਤੇ ਭਿੰਡੀ ਦੀਆਂ ਕਿਸਮਾਂ ਵਿਚਕਾਰ ਘੱਟੋ ਘੱਟ 200 ਮੀਟਰ ਦਾ ਫ਼ਾਸਲਾ ਰੱਖਿਆ ਜਾਣਾ ਜ਼ਰੂਰੀ ਹੈ । ਇਕ ਏਕੜ ਵਾਸਤੇ 5-6 ਕਿਲੋ ਬੀਜ ਦੀ ਜ਼ਰੂਰਤ ਹੁੰਦੀ ਹੈ । ਬਿਜਾਈ ਪੱਧਰੀ ਜ਼ਮੀਨ ਤੇ ਕਤਾਰ ਤੋਂ ਕਤਾਰ 60 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ 25 ਸੈਂਟੀਮੀਟਰ ਦਾ ਫ਼ਾਸਲਾ ਰੱਖ ਕੇ ਕਰਨੀ ਚਾਹੀਦੀ ਹੈ । ਸ਼ੁੱਧ ਬੀਜ ਦੀ ਪ੍ਰਾਪਤੀ ਲਈ ਘੱਟੋ ਘੱਟ ਤਿੰਨ ਵਾਰੀ ਖੇਤ ਦਾ ਨਿਰੀਖਣ ਕਰਨਾ ਜ਼ਰੂਰੀ ਹੈ । ਪਹਿਲਾ ਫੁੱਲ ਆਉਣ ਤੋਂ ਪਹਿਲਾਂ, ਦੂਸਰਾ ਫੁੱਲ ਆਉਣ ਤੇ ਅਤੇ ਤੀਸਰਾ ਫ਼ਸਲ ਦੀ ਤੁੜਾਈ ਸਮੇਂ ਕਰੋ । ਵਾਧੂ (ਰਹਿੰਦ-ਖੂੰਹਦ) ਅਤੇ ਬੀਮਾਰ ਬੂਟੇ ਪੁੱਟ ਕੇ ਨਸ਼ਟ ਕਰ ਦਿਓ । ਬੀਜ ਵਾਲੀ ਫ਼ਸਲ 90-100 ਦਿਨਾਂ ਵਿੱਚ ਪੱਕ ਜਾਂਦੀ ਹੈ । ਪੱਕਣ ਦੇ ਮੁਤਾਬਕ ਭਿੰਡੀਆਂ ਨੂੰ 3-4 ਵਾਰੀ ਤੋੜਨਾ ਚਾਹੀਦਾ ਹੈ । ਤੋੜੀਆਂ ਹੋਈਆਂ ਭਿੰਡੀਆਂ ਨੂੰ ਧੁੱਪ ਵਿੱਚ ਸੁਕਾ ਕੇ ਬੀਜ ਕੱਢ ਕੇ ਸਾਫ਼ ਕਰ ਲਵੋ। ਇਕ ਏਕੜ ਵਿੱਚੋਂ ਤਕਰੀਬਨ 5-6 ਕੁਇੰਟਲ ਬੀਜ ਦੀ ਪੈਦਾਵਾਰ ਹੁੰਦੀ ਹੈ ।

**ਪੌਦ ਸੁਰੱਖਿਆ**

**ਕੀੜੇ**

**ਜੈਸਿਡ ਅਤੇ ਚਿਤਕਬਰੀ ਸੁੰਡੀ :** ਬਹਤੁ ਸਾਰੇ ਛੋਟੇ ਛੋਟੇ ਹਰੇ ਰੰਗ ਦੇ ਤੇਲੇ (ਬਾਲਗ ਤੇ ਬੱਚੇ) ਪੱਤਿਆਂ ਦੇ ਹੇਠਲੇ ਪਾਸੇ ਬੈਠੇ ਹੁੰਦੇ ਹਨ । ਭਿੰਡੀ ਦੀ ਫ਼ਸਲ ਤੇ ਮਈ ਤੋਂ ਸਤੰਬਰ ਤੱਕ ਹਮਲਾ ਕਰਦੇ ਹਨ । ਜੈਸਿਡ ਤੇਲੇ ਦੇ ਹਮਲੇ ਕਾਰਨ ਪੱਤੇ ਕਿਨਾਰਿਆਂ ਤੋਂ ਪੀਲੇ ਹੋ ਜਾਂਦੇ ਹਨ ਅਤੇ ਉਪਰ ਵੱਲ ਮੁੜ ਕੇ ਠੂਠੀ ਬਣ ਜਾਂਦੇ ਹਨ । ਫਿਰ ਸੁੱਕ ਕੇ ਝੜ ਜਾਦੇ ਹਨ । ਚਿਤਕਬਰੀ ਸੁੰਡੀ ਦੇ ਹਮਲੇ ਵਾਲੀਆਂ ਲਗਰਾਂ ਕੁਮਲਾਅ ਜਾਦੀਆਂ ਹਨ ਅਤੇ ਥੱਲੇ ਨੂੰ ਡਿੱਗ ਪੈਂਦੀਆਂ ਹਨ । ਚਿਤਕਬਰੀ ਸੁੰਡੀ ਦੇ ਹਮਲੇ ਵਾਲੇ ਫ਼ਲ ਕਾਣੇ ਹੋ ਜਾਂਦੇ ਹਨ ।

**ਰੋਕਥਾਮ ਦੇ ਢੰਗ**

ਰਸ ਚੂਸਣ ਵਾਲੇ ਕੀੜਿਆਂ ਤੋਂ ਬਚਾਅ ਲਈ 15 ਦਿਨ ਦੇ ਵਕਫੇ ਨਾਲ ਇੱਕ ਜਾ ਦੋ ਵਾਰ 560 ਮਿਲੀਲਿਟਰ ਮੈਲਾਥੀਆਨ 50 ਈ ਸੀ ਨੂੰ 100-125 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕੋ । ਜੈਸਿਡ ਅਤੇ

ਚਿਤਕਬਰੀ ਸੁੰਡੀ ਤੋਂ ਬਚਾਅ ਲਈ ਜਿਉਂ ਹੀ ਫੁੱਲ ਪੈਣੇ ਸ਼ੁਰੂ ਹੋਣ, 15 ਦਿਨ ਦੇ ਵਕਫੇ ਨਾਲ ਤਿੰਨ ਛਿੜਕਾਅ 70 ਗ੍ਰਾਮ ਪ੍ਰੋਕਲੇਮ 05 ਐਸ ਜੀ ਐਮਾਮੈਕਟੀਨ ਬੈਂਜੋਏਟ ਜਾਂ 500 ਗ੍ਰਾਮ ਸੇਵਿਨ/ਹੈਕਸਾਵਿਨ 50 ਘੁਲਣਸ਼ੀਲ (ਕਾਰਬਰਿਲ) ਜਾਂ 100 ਮਿਲੀਲਿਟਰ ਸੁਮੀਸੀਡੀਨ 20 ਈ ਸੀ (ਫੈਨਵੈਲਰੇਟ) ਜਾਂ 80 ਮਿਲੀਲਿਟਰ ਸਿੰਬੁਸ਼ 25 ਈ ਸੀ (ਸਾਈਪਰਮੈਥਰਿਨ) ਨੂੰ 100-125 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕੋ ।

**ਸਾਵਧਾਨੀਆਂ**

- ਛਿੜਕਾਅ ਕਰਨ ਤੋਂ ਪਹਿਲਾਂ ਸਾਰੇ ਫ਼ਲ ਤੋੜ ਲਉ ਜਾਂ ਛਿੜਕਾਓ ਤੋਂ ਦੋ ਦਿਨ ਬਾਅਦ ਤੋੜੋ ।
- ਮੁਢੀ ਕਪਾਹ ਦੇ ਉਗੇ ਬੂਟੇ ਪੁੱਟ ਦਿਉ ਕਿਉਂਕਿ ਟੀਂਡੇ ਛੇਕਣ ਵਾਲੇ ਕੀੜੇ ਇਸ ਬੂਟੇ ਤੇ ਰਹਿੰਦੇ ਹਨ।
- ਹਮਲੇ ਵਾਲੇ ਫ਼ਲ ਲਗਾਤਾਰ ਤੋੜ ਕੇ ਜ਼ਮੀਨ ਵਿੱਚ ਡੂੰਘੇ ਨੱਪ ਦਿਉ ।

**ਮਕੌੜਾ ਜੂੰ :** ਪੱਤਿਆਂ ਤੇ ਹਮਲਾ ਕਰਦੀ ਹੈ । ਇਹ ਰਸ ਚੂਸਦੀ ਹੈ । ਪੱਤਿਆਂ ਤੇ ਜਾਲੇ ਲੱਗ ਜਾਂਦੇ ਹਨ । ਪੱਤੇ ਸੁੱਕ ਕੇ ਝੜ ਜਾਂਦੇ ਹਨ ।

**ਰੋਕਥਾਮ ਦੇ ਢੰਗ**

ਇਸਦੀ ਰੋਕਥਾਮ ਲਈ 250 ਮਿਲੀਲਿਟਰ ਮੈਟਾਸਿਸਟਾਕਸ 25 ਈ ਸੀ (ਔਕਸੀਡੈਮੇਟੋਨ ਮੀਥਾਈਲ) ਜਾਂ ਰੋਗਰ 30 ਈ ਸੀ (ਡਾਈਮੈਥੋਏਟ) ਪ੍ਰਤੀ ਏਕੜ ਦੇ ਹਿਸਾਬ 100-125 ਲਿਟਰ ਪਾਣੀ ਵਿੱਚ ਘੋਲ ਕੇ ਛਿੜਕੋ ।

ਨੋਟ : ਚਿਤਕਬਰੀ ਸੁੰਡੀ ਹਮਲਾ ਗਸੂ ਤ ਲਗਰਾਂ ਦਾ ਪਤ੍ਰ ਿਸ਼ਤ ਦੇਖਣ ਲਈ ਹਰ 5-7 ਦਿਨਾਂ ਬਾਅਦ ਕੋਈ 20-20 ਬੂਟੇ ਪੰਜਾ ਕਤਾਰਾਂ ਵਿੱਚੋਂ ਦੇਖਦੇ ਰਹਿਣਾ ਚਾਹੀਦਾ ਹੈ ।

**ਬਿਮਾਰੀਆਂ**

**ਪੀਲੀਆ:** ਸਾਰੀਆਂ ਨਾੜਾਂ ਅਤੇ ਸ਼ਾਖਾਂ ਪੀਲੀਆਂ ਪੈ ਜਾਂਦੀਆਂ ਹਨ । ਬਾਅਦ ਵਿੱਚ ਪੱਤੇ ਹਰੇ ਮਾਦੇ ਤੋਂ ਰਹਿਤ ਹੋ ਜਾਂਦੇ ਹਨ । ਫ਼ਲ ਘੱਟ ਪੈਂਦੇ ਹਨ ।



**ਰੋਕਥਾਮ**

ਇਸ ਰੋਗ ਦਾ ਟਾਕਰਾ ਕਰਨ ਵਾਲੀਆਂ ਪੰਜਾਬ ਪਦਮਨੀ ਜਾਂ ਪੰਜਾਬ-7 ਜਾਂ ਪੰਜਾਬ-8 ਕਿਸਮਾਂ ਬੀਜੋ । ਬਿਮਾਰੀ ਨੂੰ ਫੈਲਾਉਣ ਵਾਲੀ ਚਿੱਟੀ ਮੱਖੀ ਦੀ ਰਕੋ ਥਾਮ ਕਰੋ । ਇਸ ਲਈ 560 ਮਿਲੀਲਿਟਰ ਮੈਲਾਥੀਆਨ 50 ਈ ਸੀ ਨੂੰ 100-125 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕੋ।

**ਡੈਮਪਿੰਗ ਆਫ਼ (ਉਖੇੜਾ):** ਬੂਟੇ ਉੱਗਣ ਤੋਂ ਪਹਿਲਾਂ ਤੇ ਪਿੱਛੋਂ ਮਰ ਜਾਂਦੇ ਹਨ ।



**ਰੋਕਥਾਮ**

ਇਕੱ ਕਿਲੋ ਬੀਜ ਨੂੰ ਤਿੰਨ ਗ੍ਰਾਮ ਕੈਪਟਾਨ ਜਾਂ ਥੀਰਮ ਦਵਾਈ ਨਾਲ, ਬੀਜਣ ਤੋਂ ਪਹਿਲਾਂ ਸੋਧ ਲਵੋ ।

**ਪੱਤਿਆਂ ਦੇ ਧੱਬਿਆਂ ਦਾ ਰੋਗ:** ਛੋਟੇ, ਭੂਰੇ ਕਾਲੇ ਧੱਬੇ ਪੱਤੇ ਦੇ ਦੋਵੇਂ ਪਾਸੇ ਪੈ ਜਾਂਦੇ ਹਨ । ਪੁਰਾਣੇ ਧੱਬੇ ਜੁੜ ਜਾਂਦੇ ਹਨ ਅਤੇ ਨਤੀਜੇ ਵੱਜੋਂ ਪੱਤੇ ਸੁੱਕ ਕੇ ਝੜ ਜਾਂਦੇ ਹਨ ।



**ਰੋਕਥਾਮ**

**ਇਹ ਬਿਮਾਰੀ ਜੁਲਾਈ ਤੋਂ ਅਗਸਤ ਵਿੱਚ ਲੱਗਦੀ ਹੈ ਅਤੇ ਇਸ ਦੀ ਰੋਕਥਾਮ ਲਈ 200 ਗ੍ਰਾ ਮ ਬਾਵਿਸਟਨ ਦਾ ਛਿੜਕਾਅ ਪ੍ਰਤੀ ਏਕੜ 200 ਲਿਟਰ ਪਾਣੀ ਵਿੱਚ ਘੋਲ ਕੇ 14 ਦਿਨਾਂ ਦੇ ਵਕਫ਼ੇ ਤੇ ਬਿਮਾਰੀ ਦੀਆਂ ਨਿਸ਼ਾਨੀਆਂ ਦਿਸਣ ਤੇ ਕਰੋ । ਤਿੰਨ ਛਿੜਕਾਅ ਕਾਫ਼ੀ ਹਨ ।**